25 ਜੁਲਾਈ, 2018

# ਪਾਲਤੂ ਜਾਨਵਰਾਂ ਵਰਗੇ ਵਧੀਆ ਦੋਸਤ ਮਿਲਣੇ ਮੁਸ਼ਕਲ ਹਨ। ਅੱਜ ਹੀ ਆਪਣੇ ਪਾਲਤੂ ਜਾਨਵਰ ਦਾ ਲਸੰਸ ਬਣਵਾਓ!

ਬ੍ਰੈਂਪਟਨ, ਓਨਟੈਰੀਓ – ਕੋਈ ਕਦੇ ਸੋਚਦਾ ਵੀ ਨਹੀਂ ਹੈ ਕਿ ਉਹਨਾਂ ਦਾ ਪਾਲਤੂ ਜਾਨਵਰ ਗੁਆਚ ਜਾਵੇਗਾ – ਪਰੰਤੂ ਅੰਦਰ ਬੈਠੀ ਬਿੱਲੀ ਨੂੰ ਬਾਹਰ ਜਾਣ ਵਿੱਚ, ਜਾਂ ਪੂਰੀ ਤਰ੍ਹਾਂ ਸਿੱਖਿਅਤ ਕੁੱਤੇ ਨੂੰ ਡਰਨ ਅਤੇ ਭੱਜਣ ਵਿੱਚ ਸਿਰਫ਼ ਇੱਕ ਪਲ ਲੱਗਦਾ ਹੈ। ਜੇਕਰ ਅਜਿਹਾ ਵਾਪਰਦਾ ਹੈ, ਤਾਂ ਲਸੰਸ ਹੀ ਇਹ ਯਕੀਨੀ ਬਣਾਉਣ ਦਾ ਬਿਹਤਰ ਤਰੀਕਾ ਹੈ ਕਿ ਉਹ ਘਰ ਸੁਰੱਖਿਅਤ ਰੂਪ ਨਾਲ ਵਾਪਸ ਆਉਣ।

ਇਸ ਕਰਕੇ ਬ੍ਰੈਂਪਟਨ ਐਨੀਮਲ ਸਰਵਿਸਿਜ (Brampton Animal Services) ਨਿਵਾਸੀਆਂ ਨਾਲ ਉਹਨਾਂ ਦੀਆਂ ਬਿੱਲੀਆਂ ਅਤੇ ਕੁੱਤਿਆਂ ਦੇ ਲਸੰਸ, ਜਿਵੇਂ ਕਿ ਬ੍ਰੈਂਪਟਨ ਦੇ ਐਨੀਮਲ ਕੰਟ੍ਰੋਲ (Animal Control) ਉਪ-ਨਿਯਮ ਵੱਲੋਂ ਲੋੜੀਂਦਾ ਹੈ, ਦੇ ਮਹੱਤਵ ਬਾਰੇ ਗੱਲ ਕਰਨ ਲਈ ਘਰ-ਘਰ ਜਾ ਰਹੀ ਹੈ। ਹੁਣ ਤੋਂ ਅਗਸਤ ਦੇ ਅੰਤ ਤੱਕ, ਗਰਮੀਆਂ ਵਿੱਚ ਕੰਮ ਕਰਨ ਵਾਲੇ ਵਿਦਿਆਰਥੀਆਂ ਦਾ ਇੱਕ ਛੋਟਾ ਸਮੂਹ, ਐਨੀਮਲ ਕੰਟ੍ਰੋਲ ਅਫ਼ਸਰ ਦੇ ਨਾਲ, ਲਾਈਸੈਂਸਿੰਗ ਬਾਰੇ ਜਾਣਕਾਰੀ ਸਾਂਝਾ ਕਰੇਗਾ ਅਤੇ ਸਵਾਲਾਂ ਦੇ ਜਵਾਬ ਦੇਵੇਗਾ। ਉਹ ਟਿਕਟਾਂ ਜਾਰੀ ਨਹੀਂ ਕਰਨਗੇ, ਪਰੰਤੂ ਜੇਕਰ ਤੁਸੀਂ ਆਪਣਾ ਲਸੰਸ ਖਰੀਦਣਾ ਭੁੱਲ ਗਏ ਹੋ ਅਤੇ ਉੱਥੇ ਹੀ ਖਰੀਦਣਾ ਚਾਹੁੰਦੇ ਹੋ, ਤਾਂ ਤੁਸੀਂ ਅਜਿਹਾ ਕਰ ਸਕਦੇ ਹੋ।

ਸਾਲਾਨਾ ਘਰ-ਘਰ ਦੌਰੇ (ਵਿਜ਼ਿਟਾਂ) ਹਰੇਕ ਗਰਮੀ ਵਿੱਚ ਸ਼ਹਿਰਾਂ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਜਾਂਦੇ ਹਨ। ਇਸ ਗਰਮੀ, ਉਹ ਬੋਵੇਅਰਡ ਡ੍ਰਾਈਵ (Bovaird Drive), ਬ੍ਰੈਮਲੀ ਰੋਡ (Bramalea Road), ਕਵੀਨ ਸਟ੍ਰੀਟ (Queen Street) ਅਤੇ ਹਾਈਵੇ 410 (Highway 410) ਵੱਲੋਂ ਹੱਦਬੰਦੀ ਕੀਤੇ ਖੇਤਰ ਵਿੱਚ ਕੰਮ ਕਰਨਗੇ। ਥੋੜ੍ਹੀ ਪਹੁੰਚ ਹੋਰ ਖੇਤਰਾਂ ਵਿੱਚ ਕੀਤੀ ਜਾ ਸਕਦੀ ਹੈ, ਅਤੇ ਟੀਮਾਂ ਭਿੰਨ ਪਾਰਕਾਂ ਵਿਖੇ ਪੌਪ-ਅਪ ਡਿਸਪਲੇ ਵੀ ਲਗਾਉਣਗੀਆਂ।

ਸਾਰੇ ਦੌਰੇ ਸੋਮਵਾਰ ਤੋਂ ਸ਼ੁੱਕਰਵਾਰ ਨੂੰ, ਨਿਯਮਿਤ ਕਾਰਜ ਘੰਟਿਆਂ ਦੇ ਦੌਰਾਨ ਕੀਤੇ ਜਾਣਗੇ। ਟੀਮਾਂ ਸਿਟੀ ਵੱਲੋਂ ਜਾਰੀ ਕੀਤਾ ਪਛਾਣ ਪੱਤਰ ਆਪਣੇ ਨਾਲ ਰੱਖਣਗੀਆਂ ਅਤੇ ਸਿਟੀ ਆਫ ਬ੍ਰੈਂਪਟਨ ਐਨੀਮਲ ਸਰਵਿਸਿਜ (City of Brampton Animal Services) ਦੇ ਚਿੰਨ੍ਹ ਵਾਲੀਆਂ ਹਲਕੇ ਨੀਲੇ ਰੰਗ ਦੀਆਂ ਕਮੀਜ਼ਾਂ ਪਹਿਨਣਗੀਆਂ। ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਬ੍ਰੈਂਪਟਨ ਐਨੀਮਲ ਸਰਵਿਸਿਜ ਨੂੰ 905.458.5800 'ਤੇ ਜਾਂ animal.services@brampton.ca 'ਤੇ ਸੰਪਰਕ ਕਰੋ।

**ਲਾਇਸੈਂਸਿੰਗ ਇੰਨੀ ਮਹੱਤਵਪੂਰਨ ਕਿਉਂ ਹੈ?**

- ਜੇਕਰ ਕੋਈ ਕੁੱਤਾ ਜਾਂ ਬਿੱਲੀ ਗੁਆਚ ਜਾਵੇ, ਤਾਂ ਉਹਨਾਂ ਦਾ ਲਸੰਸ ਤੁਰੰਤ ਦਿਖਾਈ ਦਿੰਦਾ ਹੈ ਅਤੇ ਦਰਸਾਉਂਦਾ ਹੈ ਕਿ ਉਹ ਬੇਘਰ ਨਹੀਂ ਹਨ।
- ਲਸੰਸ ਕਿਸੇ ਵਿਅਕਤੀ ਲਈ ਪਾਲਤੂ ਜਾਨਵਰ ਦੇ ਮਾਲਕ ਨੂੰ ਸੰਪਰਕ ਕਰਨ ਦਾ ਸਭ ਤੋਂ ਤੇਜ਼ ਤਰੀਕਾ ਹੈ। ਇਹ ਖ਼ਾਸ ਤੌਰ 'ਤੇ ਉਦੋਂ ਮਹੱਤਵਪੂਰਨ ਹੁੰਦਾ ਹੈ, ਜੇਕਰ ਪਾਲਤੂ ਜਾਨਵਰ ਨੂੰ ਕਿਸੇ ਕਾਰ ਵੱਲੋਂ ਟੱਕਰ ਮਾਰ ਦਿੱਤੀ ਜਾਂਦੀ ਹੈ ਜਾਂ ਕਿਸੇ ਹੋਰ ਕਾਰਨ ਉਹ ਜ਼ਖਮੀ ਹੋ ਜਾਂਦਾ ਹੈ।

- ਜੇਕਰ ਕੋਈ ਲਸੰਸਸ਼ੁਦਾ ਪਾਲਤੂ ਜਾਨਵਰ ਸ਼ੈਲਟਰ (ਪਨਾਹਗਾਹ) ਵਿੱਚ ਆਉਂਦਾ ਹੈ, ਤਾਂ ਐਨੀਮਲ ਸਰਵਿਸਿਜ ਉਸਨੂੰ ਤੁਰੰਤ ਉਸਦੇ ਮਾਲਕ ਕੋਲ ਘਰ ਲਿਜਾ ਸਕਦੀ ਹੈ। ਉਸਨੂੰ ਸ਼ੈਲਟਰ ਵਿੱਚ ਘੱਟ ਸਮਾਂ ਬਿਤਾਉਣਾ ਪਵੇਗਾ, ਜੋ ਕਿ ਪਾਲਤੂ ਜਾਨਵਰ ਅਤੇ ਉਸਦੇ ਮਾਲਕ ਦੋਵਾਂ ਲਈ ਤਣਾਅ ਨੂੰ ਘੱਟ ਕਰਦਾ ਹੈ।
- ਲਾਇਸੈਂਸਿੰਗ ਹੋਰਾਂ ਜਾਨਵਰਾਂ ਦੀ ਮਦਦ ਵੀ ਕਰਦੀ ਹੈ। ਲਸੰਸਾਂ ਤੋਂ ਇਕੱਤਰ ਕੀਤਾ ਪੈਸਾ ਐਨੀਮਲ ਸਰਵਿਸਿਜ ਦੀ ਉਹਨਾਂ ਜਾਨਵਰਾਂ ਦੀ ਦੇਖਭਾਲ ਵਿੱਚ ਮਦਦ ਕਰਦਾ ਹੈ, ਜੋ ਰੋਜ਼ਾਨਾ ਸ਼ੈਲਟਰ ਦੇ ਦਰਵਾਜ਼ਿਆਂ 'ਤੇ ਮਿਲਦੇ ਹਨ।

-30-